TELL ME A TALE

The Sledge

Told by Barry Hancock
Illustrated by Geoffrey Leeson
Editor: Jennie Ingham

Punjabi and English



THE STORYTELLER

Barry Hancock was born and brought up in a mining village near Chesterfield in Derbyshire in the 1940s. During his childhood, his principal interests were craft and design, as well as training to be a sprinter and county rugby player. After leaving school, he spent several summers working as a labourer on the motorways, and then in 1967 went to study Craft, Design and Technology at Goldsmiths' College in London. Since this time he has worked as a craft teacher, gaining his B.A. and B.Ed. degrees through part-time study at the North East London Polytechnic. In 1976 he became Deputy Head of Hainault High Upper School and in 1983 of Nightingale High School in Wanstead.

Barry Hancock's interest in storytelling has grown throughout his life, but finally came to fruition when he became a teacher and found himself in demand as a storyteller in assemblies. His stories are all based on the experiences he has had during a varied life.

THE SLEDGE

The excitement for two seven-year-old boys of going out on a new sledge during a snowy winter is authentically captured in this story by Barry Hancock based on his own childhood. The adventures of 'Bas' and his friend Rexie, culminating in a hilarious near-miss between the boys' sledge and a tractor, should delight and amuse older children (and their parents!)

THE ILLUSTRATOR

Geoffrey Leeson studied Illustration and Printmaking at Camberwell School of Art from 1958 to 1962. He went on to teach Art, first at Winterton Comprehensive School in Scunthorpe, a place he chose simply by sticking a pin in a map, and then at Oakwood Park Grammar School in Kent. He spent the years from 1983 to 1986 developing his painting and printmaking skills, working on projects such as *Aesop's Fables*. Since 1986 he has been a Director of a Typesetting, Design and Printmaking company in Lewisham.

TELL ME A TALE SERIES

The tales in this series are all authentic reminiscences by people from a wide range of cultural backgrounds. Each tale has been selected not only for its ability to entertain and its proven lasting appeal, but also for the insights which it offers into its cultural setting. The dual language texts are carefully worded to retain the essential qualities of the tale in both languages.

These stories are ideal as a springboard for social studies and project work in the classroom, as well as being a delightful source of reading material.

TELL ME A TALE

The Sledge

ਸਲੈੱਜ

Nelson



Rexie Boardman is my mate. We go to the same school and he calls for me every morning.

My Dad says that Rexie is daft and my Dad's never wrong; you can ask him.

"Mark my words, I'm never wrong," he says.

Actually he is right on this occasion; Rexie is a nutter.

ਰੈਕਸੀ ਬੋਰਡਮੈਨ ਮੇਰਾ ਆੜੀ ਹੈ। ਅਸੀਂ ਇੱਕੋ ਸਕੂਲ ਵਿਚ ਪੜ੍ਹਦੇ ਹਾਂ ਤੇ ਇਹ ਹਰ ਸਵੇਰ ਸਕੂਲ ਜਾਣ ਲਈ ਮੈਨੂੰ ਸੱਦਣ ਆਉਂਦਾ ਹੈ।

ਮੇਰੇ ਪਿਤਾ ਜੀ ਕਹਿੰਦੇ ਨੇ ਕਿ ਰੈਕਸੀ ਤਾਂ ਨਿਰਾ ਬੁੱਧੂ ਹੈ ਤੇ ਮੇਰੇ ਪਿਤਾ ਜੀ ਦੀ ਗੱਲ ਕਦੇ ਗ਼ਲਤ ਨਹੀਂ ਹੁੰਦੀ; ਤੁਸੀਂ ਇਨ੍ਹਾਂ ਨੂੰ ਆਪ ਪੁੱਛ ਸਕਦੇ ਹੋ।

"ਮੇਰੀ ਗੱਲ ਯਾਦ ਰਖਣੀ, ਮੈਂ ਕਦੇ ਗ਼ਲਤ ਨਹੀਂ ਹੁੰਦਾ," ਇਹ ਆਖਦੇ ਹੁੰਦੇ ਹਨ।

ਇਸ ਵਾਰੀ ਇਹ ਸੱਚੇ ਨਿਕਲੇ; ਰੈਕਸੀ ਸੱਚੀਂ ਕਮਲਾ ਹੈ।

It had been snowing for about four days in our little village in Derbyshire. The snow on our streets was over a foot thick.

My Uncle Jim, who was a blacksmith, had made me a sledge. Rexie wanted to go down Bramley Hill on it from our house, which stood right on the top.

"I'll call for you later," he said.

ਡਰਬੀਸ਼ਰ ਦੇ ਸਾਡੇ ਛੋਟੇ-ਜਿਹੇ ਪਿੰਡ ਵਿਚ ਚਾਰ ਦਿਨਾਂ ਤੋਂ ਬਰਫ਼ ਪੈ ਰਹੀ ਸੀ। ਸਾਰੀਆਂ ਸੜਕਾਂ ਗੋਡੇ-ਗੋਡੇ ਬਰਫ਼ ਨਾਲ ਢਕੀਆਂ ਹੋਈਆਂ ਸਨ।

ਮੇਰਾ ਚਾਚਾ ਜਿਮ ਲੁਹਾਰਾ ਕੰਮ ਕਰਦਾ ਹੈ। ਇਹਨੇ ਮੈਨੂੰ ਸਲੈੱਜ ਬਣਾ ਕੇ ਦਿੱਤੀ। ਬਰੈਮਲੇ ਹਿਲ ਦੀ ਚੋਟੀ 'ਤੇ ਬਣੇ ਸਾਡੇ ਘਰ ਤੋਂ ਰੈਕਸੀ ਸਲੈੱਜ ਵਿਚ ਬੈਠ ਕੇ ਥੱਲੇ ਜਾਣਾ ਚਾਹੁੰਦਾ ਸੀ।

"ਮੈਂ ਤੈਨੂੰ ਠਹਿਰ ਕੇ ਬੁਲਾ ਲਊਂ," ਰੈਕਸੀ ਨੇ ਆਖਿਆ।

"Can I go out sledging, Mam?" I asked when I got home.

"No," said Dad firmly. "You're having your tea first."

But no sooner had I started to tuck into Mum's stew than Rexie knocked at the door. We always knew his knock; we were never quite sure if he wanted to be let in or if he was trying to break in.

My Mum opened the door for him, checking the paintwork for damage.

"ਮੈਂ ਸਲੈੱਜ 'ਤੇ ਖੇਡ ਆਵਾਂ, ਬੀਬੀ?" ਘਰ ਪਹੁੰਚ ਕੇ ਮੈਂ ਪੁੱਛਿਆ।

"ਨਹੀਂ," ਪਿਤਾ ਜੀ ਨੇ ਜ਼ੋਰ ਦੇ ਕੇ ਕਿਹਾ। "ਪਹਿਲਾਂ ਬਹਿ ਕੇ ਚਾਹ ਪੀ।"

ਮੈਂ ਬੀਬੀ ਦਾ ਰਿੰਨ੍ਹਿਆ ਗੋਸ਼ਤ ਖਾਣ ਹੀ ਲੱਗਾ ਸੀ ਕਿ ਰੈਕਸੀ ਨੇ ਆ ਬੂਹਾ ਖੜਕਾਇਆ। ਸਾਨੂੰ ਦਸਤਕ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਇਹ ਰੈਕਸੀ ਹੈ। ਪਰ ਸਾਨੂੰ ਕਦੇ ਪਤਾ ਨਹੀਂ ਲੱਗਾ ਕਿ ਇਹ ਅੰਦਰ ਆਉਣਾ ਚਾਹੁੰਦਾ ਹੈ ਜਾਂ ਬੂਹਾ ਭੰਨਣਾ।

ਮੇਰੀ ਬੀਬੀ ਨੇ ਬੂਹਾ ਖੋਲ੍ਹ ਕੇ ਦੇਖਿਆ ਕਿ ਬੂਹੇ ਦਾ ਰੋਗ਼ਨ ਤਾਂ ਠੀਕ ਹੈ।

OXO

"You'll finish your meal first," said my Dad.

But my Mum persuaded him to let me go.

I put my coat on and my Mum tied a scarf round my neck and across my chest, and fastened it at the back with a safety pin.

My gloves were wet from snowballing, so I pulled on a pair of my Dad's woollen socks as a replacement. They stretched over my hands and up my arms to my shoulders.

"ਪਹਿਲਾਂ ਖਾ ਜੋ ਤੂੰ ਖਾ ਰਿਹੈਂ," ਮੇਰੇ ਪਿਤਾ ਜੀ ਨੇ ਕਿਹਾ।

ਮੇਰੀ ਬੀਬੀ ਨੇ ਪਿਤਾ ਜੀ ਨੂੰ ਮਨਾ ਲਿਆ ਕਿ ਮੈਂ ਖੇਡ ਆਵਾਂ।

ਮੈਂ ਆਪਣਾ ਕੋਟ ਪਾਇਆ ਤੇ ਮੇਰੀ ਬੀਬੀ ਨੇ ਗੁਲੂਬੰਦ ਨਾਲ ਮੇਰਾ ਗਲ ਤੇ ਮੇਰੀ ਛਾਤੀ ਢਕ ਦਿੱਤੀ ਤੇ ਪਿੱਠ 'ਤੇ ਬਕਸੂਏ ਨਾਲ ਗੁਲੂਬੰਦ ਕੱਸ ਦਿੱਤਾ।

ਮੇਰੇ ਦਸਤਾਨੇ ਬਰਫ਼ ਨਾਲ ਖੇਡ-ਖੇਡ ਗਿੱਲੇ ਹੋਏ ਪਏ ਸਨ, ਸੋ ਮੈਂ ਪਿਤਾ ਜੀ ਦੀਆਂ ਊਨੀ ਜਰਾਬਾਂ ਹੱਥਾਂ 'ਤੇ ਚਾੜ੍ਹ ਲਈਆਂ। ਇਹ ਮੇਰੇ ਮੋਢਿਆਂ ਤਕ ਆਉਂਦੀਆਂ ਸਨ।

We dragged the heavy wooden sledge from the coal-house, up the path and on to the top of Bramley Hill.

The street lamps flickered as snowflakes settled on the glass, melted, and dripped on to the white carpet below.



ਅਸੀਂ ਕੋਲਿਆਂ ਵਾਲੇ ਅੰਦਰੋਂ ਲਕੜ ਦੀ ਭਾਰੀ ਸਲੈੱਜ ਧੂਹ ਕੇ ਕਢੀ ਤੇ ਬਰੈਮਲੇ ਹਿਲ ’ਤੇ ਲੈ ਗਏ।

ਬਰਫ਼ ਦੇ ਗੋੜ੍ਹੇ ਸੜਕ ਦੀਆਂ ਬੱਤੀਆਂ ’ਤੇ ਡਿਗ-ਡਿਗ ਕੇ ਪਿਘਲ ਰਹੇ ਸਨ ਅਤੇ ਹੇਠਾਂ ਵਿਛੀ ਚਿੱਟੀ ਚਾਦਰ ’ਤੇ ਡਿਗ ਰਹੇ ਸਨ। ਡਿਗਦੀ ਬਰਫ਼ ਵਿਚ ਬੱਤੀਆਂ ਕੰਬਦੀਆਂ ਨਜ਼ਰ ਆਉਂਦੀਆਂ ਸਨ।

We stood at the top of the hill, arguing about who would be the first to go.

"And whose sledge is this, anyway?" I said eventually, wrenching the rope from Rexie's grasp.

So I set off down the hill. After about five steps, I flopped on to the moving sledge, which immediately sank into the deep snow and stopped.

"I told you, I told you," yelled Rexie, delighted.

ਅਸੀਂ ਪਹਾੜੀ ਦੀ ਚੋਟੀ 'ਤੇ ਖੜ੍ਹੇ ਇਹ ਬਹਿਸ ਕਰਦੇ ਰਹੇ ਕਿ ਪਹਿਲਾਂ ਸਲੈੱਜ ਕੌਣ ਚਲਾਏਗਾ।

"ਇਹ ਸਲੈੱਜ ਭਲਾ ਹੈ ਕੀਹਦੀ?" ਆਖ਼ਰ ਮੈਂ ਰੈਕਸੀ ਦੇ ਹੱਥੋਂ ਰੱਸੀ ਖਿੱਚਦਿਆਂ ਪੁੱਛ ਹੀ ਲਿਆ।

ਮੈਂ ਸਲੈੱਜ 'ਤੇ ਬੈਠ ਕੇ ਹੇਠਾਂ ਤਿਲ੍ਹਕਣ ਲੱਗਾ। ਮੈਂ ਮਸਾਂ ਪੰਜ ਕੁ ਕਦਮਾਂ ਹੀ ਗਿਆ ਹੋਵਾਂਗਾ ਕਿ ਮੈਂ ਡਿੱਕੋ-ਡੋਲੇ ਖਾਣ ਲੱਗਾ ਤੇ ਸਲੈੱਜ ਡੂੰਘੀ ਬਰਫ਼ ਵਿਚ ਧਸ ਕੇ ਖਲੋ ਗਈ।

"ਤੈਨੂੰ ਮੈਂ ਦੱਸਿਆ ਸੀ ਨਾ, ਤੈਨੂੰ ਮੈਂ ਦੱਸਿਆ ਸੀ ਨਾ," ਰੈਕਸੀ ਨੇ ਡੰਡ ਪਾਉਣੀ ਸ਼ੁਰੂ ਕਰ ਦਿੱਤੀ। ਅੰਦਰੋਂ ਇਹ ਖ਼ੁਸ਼ ਸੀ।



"I'll get it right this time," I said.

And sure enough, by running a few more steps, I was away.

It was great – even with the cold snow biting into my face it was great.

I rushed past lamp posts and garden gates, Cambridge Crescent, Mr. Pearson's garage – down, down, down. Then, like a real professional, I swung left into Oxford Street to avoid the main road.

“ਏਸ ਵਾਰੀ ਮੈਂ ਠੀਕ ਚਲਾਊਂਗਾ,” ਮੈਂ ਆਖਿਆ।

ਤੇ ਕੁਝ ਹੋਰ ਕਦਮਾਂ ਨੱਠ ਕੇ ਮੈਂ ਸਲੈੱਜ ’ਤੇ ਬਹਿ ਕੇ ਔਹ ਗਿਆ।

ਮੈਨੂੰ ਬੜਾ ਮਜ਼ਾ ਆਇਆ - ਭਾਵੇਂ ਠੰਢੀ-ਸੀਤ ਬਰਫ਼ ਮੇਰੇ ਮੂੰਹ ’ਤੇ ਆ ਕੇ ਵਜਦੀ ਰਹੀ।

ਮੈਂ ਕਈ ਲੈਂਪਪੋਸਟਾਂ, ਗਾਰਡਨ ਗੇਟ ਲੰਘ ਗਿਆ; ਫੇਰ ਕੈਂਬ੍ਰਿਜ ਕਰੇਸੈਂਟ ਤੇ ਫੇਰ ਮਿਸਟਰ ਪੀਅਰਸਨ ਦਾ ਗੈਰਾਜ। ਤੇ ਫੇਰ ਤਜਰਬੇਕਾਰ ਵਾਂਗ ਮੈਂ ਵੱਡੀ ਸੜਕ ’ਤੇ ਜਾਣ ਦੀ ਬਜਾਏ ਖੱਬੇ ਹੱਥ ਔਕਸਫ਼ਰਡ ਸਟਰੀਟ ਵਲ ਮੁੜ ਗਿਆ।

It took me an age to pull the sledge back to the top of the hill again.

As I approached the top, puffing and panting, Rexie in his boredom was walking up and down, kicking up piles of snow formed by cars and vans.

"Now it's my turn. Just you watch this!" said Rexie in his excitement.

ਪਹਾੜੀ ਦੀ ਚੋਟੀ 'ਤੇ ਵਾਪਸ ਸਲੈੱਜ ਲੈ ਜਾਣ ਨੂੰ ਮੈਨੂੰ ਬੜੀ ਦੇਰ ਲੱਗੀ।

ਜਦ ਮੈਂ ਹਫ਼ਦਾ-ਹੌਂਕਦਾ ਚੋਟੀ 'ਤੇ ਪੁੱਜਾ ਤਾਂ ਰੈਕਸੀ ਨੂੰ ਅਚਵੀ ਲੱਗੀ ਹੋਈ ਸੀ-ਇਹ ਗੇੜੇ ਕਢਦਾ ਮੋਟਰਾਂ ਕਾਰਾਂ ਨਾਲ ਇਕੱਠੀ ਹੋਈ ਬਰਫ਼ ਨੂੰ ਠੁੱਡੇ ਮਾਰ ਰਿਹਾ ਸੀ।

"ਹੁਣ ਮੇਰੀ ਵਾਰੀ ਹੈ। ਦੇਖੀਂ ਮੇਰਾ ਕਮਾਲ!" ਰੈਕਸੀ ਜੋਸ਼ ਵਿਚ ਆ ਕੇ ਕਹਿਣ ਲੱਗਾ।

Off he went, shouting ''Ay Ay! Ay Ay!'' as he rushed down the hill. This cry was our code word for telling people to get out of the way, but as no one was about I think he was just showing off.

He was faster than me and in no time at all he was back, telling me what it was like and how good he was at sledging.

"ਏ ਏ! ਏ ਏ!" ਆਖਦਾ ਰੌਲੀ ਪਾਉਂਦਾ ਇਹ ਪਹਾੜੀ ਤੋਂ ਰੁੜ੍ਹਨ ਲੱਗਾ। ਲੋਕਾਂ ਨੂੰ ਰਸਤੇ 'ਚੋਂ ਪਰ੍ਹੇ ਕਰਨ ਲਈ ਅਸੀਂ "ਏ-ਏ" ਆਖਦੇ ਹੁੰਦੇ ਸੀ। ਪਰ ਰਸਤੇ ਵਿਚ ਤਾਂ ਕੋਈ ਨਹੀਂ ਸੀ ਤੇ ਮੈਨੂੰ ਲੱਗਾ ਰੇਕਸੀ ਐਵੇਂ ਦਿਖਾਵਾ ਕਰ ਰਿਹਾ ਹੈ।

ਇਹ ਮੇਰੇ ਨਾਲੋਂ ਤੇਜ਼ ਨਿਕਲਿਆ ਤੇ ਝਟ ਮਗਰੋਂ ਵਾਪਸ ਵੀ ਮੁੜ ਆਇਆ ਤੇ ਦਸਣ ਲੱਗਾ ਕਿ ਇਹਦੇ ਵਰਗੀ ਸਲੈੱਜ ਕਿਹਨੇ ਚਲਾਉਣੀ ਹੈ।

After my next turn, I took the sledge back up to Rexie. He looked serious now, like a cowboy ready for a shoot-out, and announced: "I'm going straight through this time, Bas!"

"You what?" I replied. "You're mental, you are, Rexie. What if summat's coming up the main road? You'll crash and kill yourself, and what about my sledge?"

But he took no notice.

ਆਪਣੀ ਅਗਲੀ ਵਾਰੀ ਲੈ ਕੇ ਮੈਂ ਸਲੈੱਜ ਰੈਕਸੀ ਕੋਲ ਲੈ ਗਿਆ। ਹੁਣ ਇਹ ਇੰਜ ਗੰਭੀਰ ਖੜ੍ਹਾ ਸੀ, ਜਿਵੇਂ ਕਾਓਬੁਆਇ ਠੂਹ-ਠਾਹ ਕਰਨ ਲਈ ਤਿਆਰ ਖੜ੍ਹਾ ਹੋਵੇ ਤੇ ਆਖਣ ਲੱਗਾ: "ਬੈਸ! ਮੈਂ ਐਤਕੀ ਗੋਲੀ ਵਾਂਗ ਸਿੱਧਾ ਜਾਊਂ!"

"ਕੀ?" ਮੈਂ ਆਖਿਆ। "ਰੈਕਸੀ ਤੇਰਾ ਦਿਮਾਗ਼ ਨਹੀਂ ਠੀਕ। ਜੇ ਕੋਈ ਅੱਗੋਂ ਸੜਕ 'ਤੇ ਆ ਗਿਆ। ਫੇਰ? ਐਵੇਂ ਜਾਨ ਗੁਆਏਂਗਾ ਤੇ ਮੇਰੀ ਸਲੈੱਜ ਵੀ ਭੰਨੇਂਗਾ?"

ਪਰ ਇਹਨੇ ਕੋਈ ਧਿਆਨ ਨਾ ਦਿੱਤਾ।



He sprinted off with the sledge – my sledge – and launched himself into Bramley Hill, going faster than ever and shouting "Ay Ay! Ay Ay!"

Suddenly I felt my heart sink as I saw Mr. Beresford's tractor making its way along the main road in the direction of the junction.

The tractor and Rexie were on a collision course. I covered my eyes with my socks, just peeping through the heel.

Rexie managed another five "Ay Ays" before vanishing in front of the enormous back wheels of the tractor.

ਇਸ ਸਲੈੱਜ 'ਤੇ - ਉਹ ਵੀ ਮੇਰੀ ਸਲੈੱਜ 'ਤੇ - ਪਹਿਲਾਂ ਨਾਲੋਂ ਤੇਜ਼ ਬਰੈਮਲੇ ਹਿਲ ਤੋਂ "ਏ ਏ! ਏ ਏ!" ਦੀ ਡੰਡ ਪਾਉਂਦਾ ਤਿਲ੍ਹਕਣ ਲੱਗਾ।

ਅਚਾਨਕ ਚੌਂਕ ਵਾਲੇ ਪਾਸਿਓਂ ਵੱਡੀ ਸੜਕ 'ਤੇ ਮਿਸਟਰ ਬੈਰਜ਼ਫ਼ਰਡ ਦਾ ਟਰੈਕਟਰ ਆਉਂਦਾ ਦੇਖ ਕੇ ਮੇਰੀ ਤਾਂ ਜਿਵੇਂ ਜਾਨ ਨਿਕਲ ਗਈ।

ਟਰੈਕਟਰ ਤੇ ਰੈਕਸੀ ਆਮੋ-ਸਾਹਮਣੇ ਸਨ। ਮੈਂ ਜਰਾਬਾਂ ਨਾਲ ਆਪਣੀਆਂ ਅੱਖਾਂ ਢਕ ਲਈਆਂ, ਪਰ ਅੱਡੀਆਂ ਥਾਣੀਂ ਦੇਖਦਾ ਰਿਹਾ।

ਟਰੈਕਟਰ ਦੇ ਪਿਛਲੇ ਵੱਡੇ-ਸਾਰੇ ਟਾਇਰਾਂ ਹੇਠ ਗ਼ਾਇਬ ਹੋਣ ਤੋਂ ਪਹਿਲਾਂ ਰੈਕਸੀ ਨੇ ਪੰਜ ਵਾਰੀ ਹੋਰ "ਏ-ਏ" ਆਖਿਆ ਹੋਣਾ ਹੈ।

BRAMLEY HILL

Then he reappeared, still "Ay Aying," out the other side of the tractor. He had gone right underneath it, between the front and back wheels. Was I pleased to see him!

ਇਹ ਫੇਰ ਟਰੈਕਟਰ ਦੇ ਦੂਜੇ ਪਾਸਿਓਂ "ਏ-ਏ" ਕਹਿੰਦਾ ਨਿਕਲ ਆਇਆ। ਇਹ ਟਰੈਕਟਰ ਦੇ ਐਨ ਥੱਲਿਓਂ ਅਗਾੜੀ ਤੇ ਪਛਾੜੀ ਦੇ ਟਾਇਰਾਂ ਦੇ ਵਿਚ ਦੀ ਨਿਕਲ ਗਿਆ ਸੀ। ਇਹਨੂੰ ਦੇਖ ਕੇ ਮੈਂ ਸੁਖ ਦਾ ਸਾਹ ਲਿਆ!



But Rexie, looking back to see where he had just been, didn't notice the concrete bus shelter.

It brought him to an abrupt and violent halt beneath the 167 timetable.

ਪਰ ਰੈਕਸੀ ਨੇ ਟਰੈਕਟਰ ਵਲ ਭਉਂ ਕੇ ਦੇਖਣ ਲੱਗਿਆਂ ਅਗਾਂਹ ਸੀਮੰਟ ਦਾ ਬਸ ਸ਼ੈਲਟਰ ਨਾ ਦੇਖਿਆ।

ਇਹ 167 ਟਾਈਮਟੇਬਲ ਅੱਗੇ ਸਖ਼ਤ ਹੁੱਝਕੇ ਨਾਲ ਰੁਕਿਆ।

I ran down the hill as fast as I could in the snow and ice, and reached the junction just in time to see Mr. Beresford trying to make leather out of Rexie's ears.

"You stupid little fool, I could have killed you. I'm going to kill you!"

He hit him again.

"I'm sorry Mr. Beresford, I didn't see you. You must have been speeding," protested Rexie.

We carried the broken sledge up the hill and parted company.

ਮੈਂ ਬਰਫ਼ ਵਿਚ ਜਿੰਨਾ ਤੇਜ਼ ਨਠ ਸਕਦਾ ਸੀ, ਨਠ ਕੇ ਚੌਂਕ ਵਿਚ ਪਹੁੰਚਾ ਤੇ ਅੱਗੇ ਕੀ ਦੇਖਿਆ ਕਿ ਮਿਸਟਰ ਬੈਰਜ਼ਫ਼ਰਡ ਰੈਕਸੀ ਦੇ ਕੰਨ ਖਿਚ ਰਿਹਾ ਹੈ।

"ਬੇਵਕੂਫ਼ਾ ਮੂਰਖਾ, ਤੂੰ ਥੱਲੇ ਆ ਕੇ ਮਰ ਜਾਣਾ ਸੀ। ਹੁਣ ਨਹੀਂ ਮੈਂ ਤੇਰੀ ਜਾਨ ਛਡਦਾ।"

ਇਹਨੇ ਰੈਕਸੀ ਦੇ ਇਕ ਹੋਰ ਜੜੀ।

"ਮੈਥੋਂ ਗ਼ਲਤੀ ਹੋ ਗਈ ਬੈਰਜ਼ਫ਼ਰਡ ਜੀ, ਮੈਂ ਤੁਹਾਨੂੰ ਦੇਖਿਆ ਨਹੀਂ ਸੀ। ਤੁਸੀਂ ਟਰੈਕਟਰ ਬੜਾ ਤੇਜ਼ ਚਲਾਉਂਦੇ ਹੋਣੇ ਆਂ," ਰੈਕਸੀ ਨੇ ਸਗੋਂ ਸ਼ਕਾਇਤ ਕੀਤੀ।

ਅਸੀਂ ਟੁੱਟੀ-ਭੱਜੀ ਸਲੈੱਜ ਚੁਕ ਕੇ ਪਹਾੜੀ 'ਤੇ ਪਹੁੰਚੇ ਤੇ ਆਪੋ-ਆਪਣੇ ਘਰੀਂ ਚਲੇ ਗਏ।

My Dad mended my sledge and stopped my pocket money for a fortnight, which didn't seem fair. I couldn't see why I should have to pay for what Rexie had done.

Mr. Beresford told Rexie's Dad, and Rexie got another good hiding for worrying his mother.

Isn't it funny how some people show their love for their children?

ਮੇਰੇ ਪਿਤਾ ਜੀ ਨੇ ਮੇਰੀ ਸਲੈੱਜ ਠੀਕ ਕਰ ਦਿੱਤੀ ਤੇ ਦੋ ਹਫ਼ਤੇ ਮੇਰਾ ਜੇਬ ਖ਼ਰਚ ਬੰਦ ਕੀਤੀ ਰਖਿਆ। ਇਨ੍ਹਾਂ ਵਾਸਤੇ ਇਹ ਠੀਕ ਗੱਲ ਨਹੀਂ ਸੀ। ਮੈਨੂੰ ਸਮਝ ਨਾ ਆਈ ਕਿ ਰੈਕਸੀ ਦਾ ਕੀਤਾ ਕਸੂਰ ਮੈਂ ਕਿਉਂ ਭੁਗਤ ਰਿਹਾ ਸੀ।

ਮਿਸਟਰ ਬੈਰਜ਼ਫ਼ਰਡ ਨੇ ਰੈਕਸੀ ਦੇ ਬਾਪੂ ਨੂੰ ਜਾ ਦੱਸਿਆ ਤੇ ਰੈਕਸੀ ਦੇ ਫੇਰ ਕੁਟ ਪਈ ਕਿ ਇਹਨੇ ਆਪਣੀ ਮਾਂ ਨੂੰ ਫ਼ਿਕਰਾਂ 'ਚ ਕਿਉਂ ਪਾਇਆ।

ਕੁਝ ਲੋਕਾਂ ਦਾ ਆਪਣੇ ਬੱਚਿਆਂ ਨਾਲ ਪਿਆਰ ਜਤਾਉਣ ਦਾ ਇਹ ਤਰੀਕਾ ਵੀ ਕਮਾਲ ਹੈ!

Glossary

blacksmith	– a craftsperson who shapes iron made hot and soft in a fire using special tools (e.g. to make horseshoes)
coal-house	– a small cellar or room attached to the back of a house and used to store coal
code word	– a word given a special and often secret meaning by an individual or group
hiding (*informal*)	– a beating
make leather out of (*informal*)	– to hit until hard; punch
nutter (*informal*)	– a person who behaves in a strange or wild way
professional (*noun*)	– a person who carries out a particular activity for payment rather than simply out of interest
shoot-out	– a gunfight
stew	– a dish, usually of meat and vegetables, cooked very slowly in an oven
summat (*dialect*)	– something

Tell Me A Tale series

This series is divided into four colour-coded levels, based on vocabulary and comprehension. In each case the stories are tailored to match the abilities of the young reader according to the appropriate level, but will also introduce and explain new words and ideas in context. The approximate age-level of each of the four bands is as follows:

Red: 5-7 years *
Yellow: 7-9 years
Green: 9-11 years
Blue: 11-13 years *

* in preparation

Titles and languages available:

Yellow band:	ISBN No:
THE NARROW ESCAPE	
English only	0 17 410101 5
Bengali and English	0 17 410102 3
Gujarati and English	0 17 410103 1
Urdu and English	0 17 410104 X
Punjabi and English	0 17 410105 8
THE POND THAT DISAPPEARED	
English only	0 17 410116 3
Bengali and English	0 17 410117 1
Gujarati and English	0 17 410118 X
Urdu and English	0 17 410119 8
Punjabi and English	0 17 410120 1

Green band:	ISBN No:
THE SLEDGE	
English only	0 17 410111 2
Bengali and English	0 17 410112 0
Gujarati and English	0 17 410113 9
Urdu and English	0 17 410114 7
Punjabi and English	0 17 410115 5
EXAMS! EXAMS!	
English only	0 17 410106 6
Bengali and English	0 17 410107 4
Gujarati and English	0 17 410108 2
Urdu and English	0 17 410109 0
Punjabi and English	0 17 410110 4

ਸਲੈੱਜ

ਕਹਾਣੀਕਾਰ : ਬੈਰੀ ਹੈਨਕੌਕ
ਚਿਤ੍ਰਕਾਰ : ਜਿਓਫ਼ਰੀ ਲੀਸਨ
ਸੰਪਾਦਕ : ਜੈਨੀ ਇੰਘਮ

Nelson

ISBN 0-17-410

9 780174 101154

UQ-322-480

ਪੰਜਾਬੀ ਅਤੇ ਅੰਗਰੇਜ਼ੀ